# ਆਪਣੇ ਸਾਥੀ/ਸਾਥਣ ਨਾਲ ਘਰ ਬਾਰ ਬਣਾਉਣ ਬਾਰੇ ਤੁਹਾਡੇ ਲਈ ਜਾਣਕਾਰੀ

The Law Society

## ਆਪਣੇ ਭਵਿੱਖ ਨੂੰ ਸੁਰੱਖਿਅਤ ਬਣਾਉਣਾ

ਆਪਣੇ ਸਾਥੀ ਜਾਂ ਸਾਥਣ ਨਾਲ ਨਵੇਂ ਘਰ ਵਿਚ ਜਾਣਾ ਜਾਂ ਘਰ ਖ਼ਰੀਦਣਾ ਬੜਾ ਸੁਖਦਾਈ ਤਜਰਬਾ ਲਗ ਸਕਦਾ ਹੈ। ਪਰ ਬਹੁਤ ਘੱਟ ਜੋੜੇ ਇਹ ਸਮਝਦੇ ਹਨ ਕਿ ਕਾਨੂੰਨੀ ਨਜ਼ਰੀਏ ਤੋਂ ਇਹ ਗੱਲ ਕਿੰਨੀ ਜੋਖਮ-ਭਰਪੂਰ ਹੋ ਸਕਦੀ ਹੈ। ਹੋ ਸਕਦਾ ਹੈ ਕਿ ਇਹ ਗੱਲ ਪੁਰਾਣੀ ਕਿਸਮ ਦੀ ਜਾਪੇ, ਪਰ ਬਿਨਾਂ ਵਿਆਹੇ ਜੋੜਿਆਂ ਨੂੰ ਕਾਨੂੰਨ ਵਲੋਂ ਉਹ ਹਿਫ਼ਾਜ਼ਤ ਨਹੀਂ ਮਿਲਦੀ ਜੋ ਵਿਆਹੇ ਹੋਏ ਜੋੜਿਆਂ ਨੂੰ ਜਾਂ ਸਿਵਿਲ ਪਾਰਟਨਰਾਂ ਮਿਲਦੀ ਹੈ। ਕੌਮਨ ਲਾਅ ਵਿਆਹ ਕੋਈ ਨਹੀਂ ਹੁੰਦਾ। ਦੁੱਖ ਦੀ ਗੱਲ ਇਹ ਹੈ ਕਿ ਜਦ ਤਕ ਲੋਕਾਂ ਨੂੰ ਇਸ ਗੱਲ ਦੀ ਸਮਝ ਆਉਂਦੀ ਹੈ, ਤਦ ਤਕ ਬਹੁਤ ਦੇਰ ਹੋ ਗਈ ਹੁੰਦੀ ਹੈ - ਸੰਬੰਧ ਟੁੱਟ ਜਾਂਦਾ ਹੈ ਜਾਂ ਕਿਸੇ ਸਾਥੀ ਦੀ ਮੌਤ ਹੋ ਜਾਂਦੀ ਹੈ, ਅਤੇ ਤਦ ਹੀ ਉਹਨਾਂ ਨੂੰ ਸਮਝ ਆਉਂਦੀ ਹੈ ਕਿ ਉਹਨਾਂ ਨੂੰ ਕੋਈ ਕਾਨੂੰਨੀ ਹਿਫ਼ਾਜ਼ਤ ਨਹੀਂ ਮਿਲ ਸਕਦੀ।

ਇਸ ਪਰਚੇ ਵਿਚ ਦੱਸਿਆ ਗਿਆ ਹੈ ਕਿ ਜੇ ਤੁਹਾਡਾ ਵਿਆਹ ਨਹੀਂ ਹੋਇਆ ਅਤੇ ਤੁਹਾਡੀ ਸਿਵਿਲ ਪਾਰਟਨਰਸ਼ਿਪ ਨਹੀਂ ਹੈ, ਤਾਂ ਤੁਹਾਨੂੰ ਕੀ ਕੰਮ ਕਰਨੇ ਚਾਹੀਦੇ ਹਨ।

ਤੁਸੀਂ ਜਦ ਵੀ ਇਕੱਠੇ ਰਹਿਣ ਦੀ ਯੋਜਨਾ ਬਣਾਓ, ਉਹਤੋਂ ਬਾਅਦ ਛੇਤੀ ਤੋਂ ਛੇਤੀ ਇਹਨਾਂ ਗੱਲਾਂ ਬਾਰੇ ਸਲਾਹ ਲੈਣਾ ਚੰਗੀ ਗੱਲ ਹੈ:

- ਤੁਹਾਡੇ ਕੀ ਹੱਕ ਹਨ;
- ਸਭ ਹਾਲਤਾਂ ਵਿਚ ਤੁਸੀਂ ਅਤੇ ਤੁਹਾਡਾ ਸਾਥੀ ਕਿੱਥੇ ਖੜ੍ਹੇ ਹੋ; ਅਤੇ
- ਆਪਣੀ ਹਾਲਤ ਨੂੰ ਵੱਧ ਸੁਰੱਖਿਅਤ ਬਣਾਉਣ ਲਈ ਤੁਸੀਂ ਕੀ ਕਰ ਸਕਦੇ ਹੋ।

## ਸੋਲਿਸਟਰ ਲੱਭਣਾ

ਜੇ ਪਹਿਲਾਂ ਤੁਹਾਡਾ ਕੋਈ ਸੋਲਿਸਟਰ ਨਹੀਂ, ਤਾਂ ਸਾਡੀ ਵੈੱਬਸਾਈਟ www.lawsociety.org.uk/findasolicitor 'ਤੇ ਜਾ ਕੇ 'Family' ਵਾਲਾ ਹਿੱਸਾ ਪੜ੍ਹੋ ਅਤੇ ਆਪਣੇ ਇਲਾਕੇ ਦੇ ਸੋਲਿਸਟਰਾਂ ਬਾਰੇ ਜਾਣਕਾਰੀ ਲਓ। ਜਾਂ ਤੁਸੀਂ ਲਾਅ ਸੁਸਾਇਟੀ ਨੂੰ ਨੰਬਰ 0870 606 2555 'ਤੇ ਫ਼ੋਨ ਕਰ ਸਕਦੇ ਹੋ।

## ਸੋਲਿਸਟਰ ਨੂੰ ਕੀ ਜਾਨਣ ਦੀ ਲੋੜ ਪਏਗੀ

ਜਦ ਤੁਸੀਂ ਸੋਲਿਸਟਰ ਚੁਣ ਲਓਗੇ, ਤਾਂ ਆਪਣੇ ਹਾਲਾਤ ਬਾਰੇ ਮੁਕੰਮਲ ਜਾਣਕਾਰੀ ਦੇਣਾ ਉਹਦੇ ਲਈ ਜ਼ਰੂਰੀ ਹੋਏਗਾ। ਉਹ ਕਈ ਕਿਸਮ ਦੀ ਜਾਣਕਾਰੀ ਤੁਹਾਡੇ ਕੋਲੋਂ ਮੰਗ ਸਕਦਾ ਹੈ, ਇਸ ਵਿਚ ਇਹ ਗੱਲਾਂ ਸ਼ਾਮਿਲ ਹੋ ਸਕਦੀਆਂ ਹਨ:

- ਤੁਹਾਡੇ ਸੰਬੰਧ ਦੇ ਪਿਛੋਕੜ ਬਾਰੇ ਪੂਰੀ ਜਾਣਕਾਰੀ;
- ਤੁਹਾਡੀ ਅਤੇ ਤੁਹਾਡੇ ਸਾਥੀ/ਸਾਥਣ ਦੀ ਜਾਇਦਾਦ ਦੀ ਲਿਸਟ;
- ਜੇ ਤੁਹਾਡਾ ਆਪਣਾ ਘਰ ਹੈ ਤਾਂ ਇਹਦਾ ਮੁੱਲ ਕੀ ਹੈ ਅਤੇ ਇਹਦੀ ਮਲਕੀਅਤ ਕਿਹਦੇ ਨਾਂ 'ਤੇ ਹੈ;
- ਘਰ ਦੀ ਕੀਮਤ ਤਾਰਨ ਵਿਚ (ਮੁਰੰਮਤ ਵਗ਼ੈਰਾ ਦੇ ਕੰਮ ਵਿਚ ਵੀ) ਵਿਚ ਤੁਸੀਂ ਅਤੇ ਤੁਹਾਡੇ ਸਾਥੀ/ਸਾਥਣ ਨੇ ਕੀ ਹਿੱਸਾ ਪਾਇਆ ਹੈ;
- ਜੇ ਕੋਈ ਹੋਰ ਜਾਇਦਾਦ ਹੈ ਤਾਂ ਉਹਦਾ ਮੁੱਲ;
- ਤੁਹਾਡੀ ਅਤੇ ਤੁਹਾਡੇ ਸਾਥੀ/ਸਾਥਣ ਦੀ ਕਮਾਈ; ਅਤੇ
- ਕੀ ਤੁਹਾਡੇ ਜਾਂ ਤੁਹਾਡੇ ਸਾਥੀ/ਸਾਥਣ ਦੇ ਕੋਈ ਬੱਚੇ ਹਨ।

ਇਹਤੋਂ ਬਾਅਦ ਤੁਹਾਡਾ ਸੋਲਿਸਟਰ ਤੁਹਾਡੇ ਹੱਕ ਤੁਹਾਨੂੰ ਸਮਝਾਏਗਾ। ਉਹ ਦੱਸੇਗਾ ਕਿ ਕਿਹੜੇ ਹਾਲਾਤ ਵਿਚ ਤੁਹਾਨੂੰ ਜਾਂ ਘਰ ਵਿਚ ਤੁਹਾਡੇ ਕਿਸੇ ਹਿੱਸੇ ਨੂੰ ਖ਼ਤਰਾ ਹੋ ਸਕਦਾ ਹੈ ਅਤੇ ਇਹਤੋਂ ਬਚਣ ਲਈ ਕਿਹੜਾ ਕੰਮ ਕੀਤਾ ਜਾ ਸਕਦਾ ਹੈ।

ਯਾਦ ਰੱਖੋ ਕਿ ਤੁਹਾਡਾ ਸੋਲਿਸਟਰ ਇਕ ਵੇਲੇ ਸਿਰਫ਼ ਇਕ ਵਿਅਕਤੀ ਲਈ ਹੀ ਕੰਮ ਕਰ ਸਕਦਾ ਹੈ। ਉਹ ਤੁਹਾਡੇ ਦੋਹਾਂ ਲਈ ਕੰਮ ਨਹੀਂ ਕਰ ਸਕਦਾ, ਭਾਵੇਂ ਤੁਸੀਂ ਦੋਵੇਂ ਇਹ ਚਾਹੁੰਦੇ ਵੀ ਹੋਵੋ।

## ਵਿਚਾਰ ਕਰਨ ਵਾਲੀਆਂ ਗੱਲਾਂ

ਜਿਹਨਾਂ ਕਾਨੂੰਨੀ ਮੁੱਦਿਆਂ ਬਾਰੇ ਤੁਹਾਡਾ ਸੋਲਿਸਟਰ ਤੁਹਾਡੇ ਨਾਲ ਗੱਲਬਾਤ ਕਰਨਾ ਚਾਹੇਗਾ ਉਹਨਾਂ ਵਿਚੋਂ ਕੁਝ ਇਹ ਹਨ।

### ਘਰ ਦੀ ਮਲਕੀਅਤ

ਜੇ ਤੁਸੀਂ ਕਿਸੇ ਦੇ ਨਾਲ ਕਿਸੇ ਘਰ ਵਿਚ ਰਹਿਣ ਲਗ ਜਾਓ, ਪਰ ਘਰ ਸਿਰਫ਼ ਉਹਦੇ ਹੀ ਨਾਂ 'ਤੇ ਹੋਵੇ, ਤਾਂ ਆਮ ਤੌਰ 'ਤੇ ਘਰ ਵੇਚ ਕੇ ਮਿਲਣ ਵਾਲੀ ਰਕਮ 'ਤੇ ਤੁਹਾਡਾ ਕੋਈ ਹੱਕ ਨਹੀਂ ਹੁੰਦਾ। ਇਹ ਗੱਲ ਲਾਗੂ ਹੋਏਗੀ, ਪਰ ਤਦ ਨਹੀਂ ਜੇ ਤੁਸੀਂ ਇਹ ਗੱਲਾਂ ਸਾਬਤ ਕਰ ਸਕੋ ਕਿ:

- ਘਰ ਲਈ ਰੱਖੇ ਡਿਪਾਜ਼ਿਟ ਵਿਚ ਜਾਂ ਮੌਰਗੇਜ ਦੇਣ ਵਿਚ ਤੁਸੀਂ ਹਿੱਸਾ ਪਾਇਆ ਹੈ; ਜਾਂ
- ਘਰ ਵਿਚ ਤੁਸੀਂ ਮੁਰੰਮਤ ਵਗ਼ੈਰਾ ਦਾ ਕੋਈ ਵੱਡਾ ਕੰਮ ਕੀਤਾ ਜਾਂ ਅਜਿਹੇ ਕੰਮ ਦੇ ਪੈਸੇ ਦਿੱਤੇ।

ਜੇ ਘਰ ਤੁਹਾਡੇ ਨਾਂ 'ਤੇ ਨਹੀਂ, ਤਾਂ ਹੋ ਸਕਦਾ ਹੈ ਕਿ ਉਸ ਵੇਲੇ ਤੁਹਾਨੂੰ ਰਹਿਣ ਦਾ ਕੋਈ ਕਾਨੂੰਨੀ ਹੱਕ ਨਾ ਹੋਵੇ ਜਦ ਤੁਹਾਡਾ ਸਾਥੀ ਜਾਂ ਸਾਥਣ ਤੁਹਾਨੂੰ ਉੱਥੋਂ ਜਾਣ ਲਈ ਆਖੇ। ਜੇ ਘਰ ਤੁਹਾਡੇ ਦੋਹਾਂ ਦੇ ਨਾਂ 'ਤੇ ਨਹੀਂ ਹੈ, ਤਾਂ ਤੁਹਾਡੇ ਸਾਥੀ/ਸਾਥਣ ਦੀ ਮੌਤ ਮਗਰੋਂ ਤੁਹਾਨੂੰ ਘਰ ਵਿਰਸੇ ਵਿਚ ਲੈਣ ਦਾ ਕੋਈ ਹੱਕ ਨਹੀਂ, ਜਦ ਤਕ ਉਹਨੇ ਇਹ ਗੱਲ ਆਪਣੀ ਵਸੀਅਤ ਵਿਚ ਨਾ ਲਿਖੀ ਹੋਵੇ। ਜੇ ਉਹਨੇ ਕੋਈ ਵਸੀਅਤ ਨਹੀਂ ਕੀਤੀ ਸੀ, ਤਾਂ ਤੁਹਾਨੂੰ ਆਪਣੇ ਸਾਥੀ/ਸਾਥਣ ਦੀ ਛੱਡੀ ਜਾਇਦਾਦ ਲਈ ਅਦਾਲਤ ਵਿਚ ਦਾਅਵਾ ਕਰਨਾ ਪਏਗਾ। ਇਹ ਕੰਮ ਤੁਸੀਂ ਤਦ ਹੀ ਕਰ ਸਕੋਗੇ ਜੇ ਤੁਸੀਂ ਦੋ ਸਾਲ ਜਾਂ ਵੱਧ ਸਮਾਂ ਇਕੱਠੇ ਰਹਿੰਦੇ ਰਹੇ ਹੋ, ਜਾਂ ਜੇ ਤੁਹਾਨੂੰ ਆਪਣੇ ਸਾਥੀ ਜਾਂ ਸਾਥਣ ਤੋਂ ਮਾਲੀ ਮਦਦ ਮਿਲਦੀ ਸੀ।

ਹੋ ਸਕਦਾ ਹੈ ਕਿ ਤੁਹਾਡਾ ਸੋਲਿਸਟਰ ਇਹ ਸਲਾਹ ਦੇਵੇ ਕਿ ਇਸ ਘਰ ਦੀ ਮਲਕੀਅਤ ਇਕੱਲੇ ਸਾਥੀ/ਸਾਥਣ ਦੇ ਨਾਂ ਦੀ ਬਜਾਇ ਤੁਹਾਡੇ ਦੋਹਨਾਂ ਦੇ ਨਾਂ 'ਤੇ ਤਬਦੀਲ ਕੀਤੀ ਜਾਏ, ਜਾਂ 'ਸਾਂਝੇ ਨਿਵਾਸੀਆਂ' (ਜੌਇੰਟ ਟੈਨੈਂਟਸ) ਦੇ ਤੌਰ 'ਤੇ ਜਾਂ ਸਾਂਝੀਦਾਰੀ ਵਾਲੇ ਨਿਵਾਸੀਆਂ (ਟੈਨੈਂਟਸ ਇਨ ਕੌਮਨ) ਦੇ ਤੌਰ 'ਤੇ। ਜੇ ਤੁਸੀਂ ਆਪਣੇ ਸਾਥੀ/ਸਾਥਣ ਨਾਲ ਸਾਂਝੇ ਨਿਵਾਸੀ ਹੋਵੋ, ਤਾਂ ਘਰ ਵੇਚਣ 'ਤੇ ਤੁਸੀਂ ਆਮ ਤੌਰ 'ਤੇ 50% ਪੈਸਿਆਂ ਦੇ ਹੱਕਦਾਰ ਹੁੰਦੇ ਹੋ। ਅਤੇ ਜੇ ਤੁਹਾਡੇ ਵਿਚੋਂ ਕਿਸੇ ਦੀ ਮੌਤ ਹੋ ਜਾਏ, ਤਾਂ ਘਰ ਆਪਣੇ ਆਪ ਹੀ ਦੂਸਰੇ ਨੂੰ ਮਿਲ ਜਾਂਦਾ ਹੈ, ਭਾਵੇਂ ਉਹਦੀ ਵਸੀਅਤ ਵਿਚ ਕੁਝ ਵੀ ਲਿਖਿਆ ਹੋਵੇ।

ਪਰ ਜੇ ਤੁਸੀਂ ਸਾਂਝੀਦਾਰੀ ਵਾਲੇ ਨਿਵਾਸੀ ਹੋ, ਤਾਂ ਤੁਹਾਨੂੰ ਘਰ ਦਾ ਇਕ ਹਿੱਸਾ ਰੱਖਣ ਦਾ ਹੱਕ ਹੈ, ਇਹਤੋਂ ਜ਼ਿਆਦਾ ਨਹੀਂ। ਸਾਂਝੀਦਾਰੀ ਵਾਲੇ ਨਿਵਾਸੀਆਂ ਦੇ ਤੌਰ 'ਤੇ, ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਘਰ ਦੇ ਕਿੰਨੇ ਹਿੱਸੇ ਦਾ ਮਾਲਕ ਕੌਣ ਹੋਏਗਾ, ਅਤੇ ਤੁਸੀਂ ਸੋਲਿਸਟਰ ਕੋਲੋਂ 'ਡੀਡ ਆੱਫ਼ ਟ੍ਰਸਟ' ਤਿਆਰ ਕਰਵਾ ਸਕਦੇ ਹੋ। ਇਹਦੇ ਨਾਲ ਬਾਅਦ ਵਿਚ ਹੋਣ ਵਾਲੀ ਅਸਹਮਤੀ ਨੂੰ ਰੋਕਿਆ ਜਾ ਸਕਦਾ ਹੈ। ਜੇ ਤੁਹਾਡੇ ਵਿਚੋਂ ਕੋਈ ਆਪਣੀ ਮੌਤ ਮਗਰੋਂ ਆਪਣਾ ਹਿੱਸਾ ਦੂਸਰੇ ਲਈ ਛੱਡਣਾ ਚਾਹੇ, ਤਾਂ ਇਹ ਗੱਲ ਵਸੀਅਤ ਵਿਚ ਲਿਖੀ ਜਾਣੀ ਚਾਹੀਦੀ ਹੈ।

### ਮਿਲ ਕੇ ਘਰ ਕਿਰਾਏ 'ਤੇ ਲੈਣਾ

ਜੇ ਤੁਸੀਂ ਮਿਲ ਕੇ ਘਰ ਕਿਰਾਏ 'ਤੇ ਲੈ ਰਹੇ ਹੋ, ਤਾਂ ਕਿਰਾਏਦਾਰੀ ਦਾ ਸਮਝੌਤਾ ਦੋਹਾਂ ਦੇ ਨਾਂ 'ਤੇ ਕਰਨਾ ਚੰਗੀ ਗੱਲ ਹੈ।

### ਬੱਚੇ

ਜੇ ਤੁਹਾਡੇ ਸਾਥੀ/ਸਾਥਣ ਤੋਂ ਤੁਹਾਡੇ ਬੱਚੇ ਹੋਣ, ਤਾਂ ਤੁਹਾਨੂੰ ਸੋਚਣਾ ਪਏਗਾ ਕਿ ਬੱਚੇ ਦਾ ਪਰਿਵਾਰਕ ਨਾਂ ਕੀ ਹੋਵੇ ਅਤੇ ਉਹਦੇ ਜਨਮ ਨੂੰ ਕਿਵੇਂ ਰਜਿਸਟਰ ਕਰਵਾਇਆ ਜਾਏ। ਉਹਦਾ ਪਰਿਵਾਰਕ ਨਾਂ ਚੁਣਨ ਦਾ ਫ਼ੈਸਲਾ ਤੁਸੀਂ ਕਰਨਾ ਹੁੰਦਾ ਹੈ, ਅਤੇ ਤੁਸੀਂ ਬੱਚੇ ਦੇ ਜਨਮ ਨੂੰ ਮਿਲ ਕੇ ਰਜਿਸਟਰ ਕਰਵਾ ਸਕਦੇ ਹੋ।

ਕਾਨੂੰਨ ਦੇ ਤਹਿਤ, ਜੇ ਤੁਹਾਡਾ ਅਤੇ ਤੁਹਾਡੇ ਸਾਥੀ/ਸਾਥਣ ਦਾ ਵਿਆਹ ਨਹੀਂ ਹੋਇਆ, ਤਾਂ ਬੱਚੇ ਬਾਰੇ ਆਪਣੇ ਆਪ ਮਿਲਣ ਵਾਲੀ ਜ਼ਿੰਮੇਦਾਰੀ ਸਿਰਫ਼ ਮਾਂ ਦੀ ਹੁੰਦੀ ਹੈ। 1 ਦਸੰਬਰ 2003 ਤੋਂ, ਜੇ ਪਿਤਾ ਦਾ ਨਾਂ ਵੀ ਜਨਮ ਸਰਟੀਫ਼ਿਕੇਟ 'ਤੇ ਲਿਖਿਆ ਗਿਆ ਹੈ, ਤਾਂ ਮਾਪਿਆਂ ਵਾਲੀ ਜ਼ਿੰਮੇਦਾਰੀ ਉਹਦੀ ਵੀ ਹੁੰਦੀ ਹੈ। ਨਹੀਂ ਤਾਂ, ਆਪਣੇ ਸੋਲਿਸਟਰ ਦੀ ਮਦਦ ਨਾਲ ਤੁਸੀਂ ਮਾਪਿਆਂ ਵਾਲੀ ਜ਼ਿੰਮੇਦਾਰੀ ਆਪਣੇ ਸਾਥੀ/ਸਾਥਣ ਨਾਲ ਮਿਲ ਕੇ ਸਾਂਝੇ ਤੌਰ 'ਤੇ ਨਿਭਾਉਣ ਦਾ ਸਮਝੌਤਾ ਕਰ ਸਕਦੇ ਹੋ। ਬਾਅਦ ਵਿਚ ਜੇ ਤੁਸੀਂ ਅਤੇ ਤੁਹਾਡੇ ਸਾਥੀ/ਸਾਥਣ ਨੇ ਵੱਖ ਹੋਣਾ ਹੋਵੇ, ਤਾਂ ਇਹ ਅਹਿਮ ਗੱਲ ਹੋ ਸਕਦੀ ਹੈ।

ਜੇ ਤੁਸੀਂ ਅਜਿਹੇ ਵਿਅਕਤੀ ਨਾਲ ਰਹਿੰਦੇ ਹੋ, ਜਿਹਦਾ ਕਿਸੇ ਹੋਰ ਸੰਬੰਧ ਤੋਂ ਕੋਈ ਬੱਚਾ ਹੈ, ਤਾਂ ਕਾਨੂੰਨ ਮਾਪਿਆਂ ਵਾਲੀ ਕੋਈ ਜ਼ਿੰਮੇਦਾਰੀ ਤੁਹਾਨੂੰ ਨਹੀਂ ਦਿੰਦਾ। ਤੁਹਾਡਾ ਸੋਲਿਸਟਰ ਇਹਦਾ ਅਰਥ ਤੁਹਾਨੂੰ ਸਮਝਾ ਸਕਦਾ ਹੈ।

### ਬੱਚੇ ਅਤੇ ਵੱਖਰੇ ਹੋਣਾ

ਜੇ ਤੁਸੀਂ ਅਤੇ ਤੁਹਾਡੇ ਅਤੇ ਤੁਹਾਡੇ ਸਾਥੀ/ਸਾਥਣ ਦੇ ਸਾਂਝੇ ਬੱਚੇ ਹੋਣ ਤਾਂ ਤੁਸੀਂ ਚਾਈਲਡ ਸੁਪੋਰਟ ਏਜੰਸੀ ਨੂੰ ਅਰਜ਼ੀ ਦੇ ਕੇ ਬੱਚਿਆਂ ਦੇ ਪਾਲਣ ਦੇ ਖ਼ਰਚ ਲਈ ਚਾਈਲਡ ਸੁਪੋਰਟ ਪੇਅਮੈਂਟਾਂ ਮੰਗ ਸਕਦੇ ਹੋ, ਅਤੇ ਅਦਾਲਤ ਨੂੰ ਅਰਜ਼ੀ ਦੇ ਕੇ ਬੱਚੇ ਲਈ ਕਈ ਹੋਰ ਕਿਸਮ ਦੇ ਪੈਸੇ ਮੰਗ ਸਕਦੇ ਹੋ। ਇਹਦੇ ਬਾਰੇ ਤੁਸੀਂ ਜਿੰਨੀ ਵੀ ਛੇਤੀ ਹੋ ਸਕੇ ਆਪਣੇ ਸੋਲਿਸਟਰ ਨਾਲ ਗੱਲ ਕਰੋ।

### ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰ ਵਾਲਾ ਦਰਜਾ

ਜੇ ਤੁਹਾਡਾ ਸਾਥੀ/ਸਾਥਣ ਬੀਮਾਰ ਪੈ ਜਾਏ ਜਾਂ ਉਹਦੀ ਮੌਤ ਹੋ ਜਾਏ, ਤਾਂ ਡਾਕਟਰੀ ਕੰਮਾਂ ਲਈ ਤੁਹਾਨੂੰ ਉਹਦੇ 'ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰ' ਨਹੀਂ ਮੰਨਿਆ ਜਾ ਸਕਦਾ, ਜਦ ਤਕ ਤੁਸੀਂ ਅਤੇ ਤੁਹਾਡੇ ਸਾਥੀ/ਸਾਥਣ ਨੇ ਪਹਿਲਾਂ ਇਹਦੇ ਬਾਰੇ ਲਿਖਤੀ ਸਮਝੌਤਾ ਨਹੀਂ ਕੀਤਾ ਹੋਇਆ। ਸੋਲਿਸਟਰ ਇਹ ਸਮਝੌਤਾ ਤਿਆਰ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

# ਆਪਣੇ ਸਾਥੀ/ਸਾਥਣ ਨਾਲ ਘਰ ਬਾਰ ਬਣਾਉਣ ਬਾਰੇ ਤੁਹਾਡੇ ਲਈ ਜਾਣਕਾਰੀ

The Law Society

### ਬੈਂਕ ਵਾਲਾ ਕੰਮ

ਜੇ ਤੁਹਾਡੇ ਅਤੇ ਤੁਹਾਡੇ ਸਾਥੀ/ਸਾਥਣ ਦੇ ਬੈਂਕ ਅਕਾਊਂਟ ਵੱਖਰੇ ਹਨ ਤਾਂ ਉਹਦੇ ਅਕਾਊਂਟ ਵਿਚਲੇ ਪੈਸਿਆਂ ਤਕ ਤੁਹਾਡੀ ਪਹੁੰਚ ਨਹੀਂ ਹੋ ਸਕਦੀ। ਉਹਦੀ ਮੌਤ ਮਗਰੋਂ ਉਹਦੇ ਆਕਊਂਟ ਵਾਲੇ ਪੈਸੇ ਉਹਦੇ ਵਲੋਂ ਛੱਡੀ ਹੋਈ ਜਾਇਦਾਦ ਬਣ ਜਾਣਗੇ। ਇਹਦਾ ਮਤਲਬ ਹੈ ਕਿ ਇਹ ਤੁਹਾਨੂੰ ਵਿਰਸੇ ਵਿਚ ਆਪਣੇ ਆਪ ਹੀ ਨਹੀਂ ਮਿਲਣਗੇ ਜੇ ਇਹ ਗੱਲ ਉਹਦੀ ਵਸੀਅਤ ਵਿਚ ਨਹੀਂ ਲਿਖੀ ਹੋਈ।

ਇਸ ਮਸਲੇ ਦਾ ਇਕ ਹੱਲ ਸਾਂਝਾ ਬੈਂਕ ਅਕਾਊਂਟ ਖੋਲ੍ਹਣਾ ਹੈ। ਫਿਰ ਜੇ ਤੁਹਾਡੇ ਸਾਥੀ/ਸਾਥਣ ਦੀ ਮੌਤ ਹੋ ਜਾਏ ਤਾਂ ਪੂਰਾ ਅਕਾਊਂਟ ਇਕਦਮ ਤੁਹਾਡੇ ਨਾਂ ਹੋ ਜਾਏਗਾ।

### ਟੈਕਸ ਦਰਜਾ

ਤੁਹਾਨੂੰ ਅਤੇ ਤੁਹਾਡੇ ਸਾਥੀ/ਸਾਥਣ ਨੂੰ ਉਹੀ ਟੈਕਸ ਬੈਨੀਫ਼ਿਟ ਨਹੀਂ ਮਿਲਣਗੇ ਜੋ ਕਿਸੇ ਵਿਆਹੇ ਹੋਏ ਜੋੜੇ ਜਾਂ ਸਿਵਿਲ ਪਾਰਟਨਰਾਂ ਨੂੰ ਮਿਲਦੇ ਹਨ, ਖ਼ਾਸ ਤੌਰ 'ਤੇ ਕੈਪੀਟਲ ਗੇਨ ਅਤੇ ਇਨਹੈਰੀਟੈਂਸ ਟੈਕਸ ਨਾਲ ਸੰਬੰਧਤ ਬੈਨੀਫ਼ਿਟ। ਜੇ ਤੁਸੀਂ ਕੋਈ ਵੱਡੀ ਜਾਇਦਾਦ ਆਪਣੇ ਸਾਥੀ/ਸਾਥਣ ਦੇ ਨਾਂ ਕਰਨੀ ਹੋਵੇ, ਤਾਂ ਤੁਹਾਨੂੰ ਟੈਕਸ ਦੇਣਾ ਪੈ ਸਕਦਾ ਹੈ, ਜੋ ਵਿਆਹੇ ਜੋੜੇ ਨੂੰ ਅਤੇ ਸਿਵਿਲ ਪਾਰਟਨਰਾਂ ਨੂੰ ਨਹੀਂ ਦੇਣਾ ਪੈਂਦਾ।

### ਪੈਨਸ਼ਨ ਸਕੀਮਾਂ

ਜੇ ਤੁਹਾਡੀ ਮੌਤ ਹੋ ਜਾਏ, ਤਾਂ ਤੁਹਾਡੀ ਸਰਕਾਰੀ ਪੈਨਸ਼ਨ ਆਪਣੇ ਆਪ ਹੀ ਤੁਹਾਡੇ ਸਾਥੀ/ਸਾਥਣ ਨੂੰ ਨਹੀਂ ਮਿਲਣ ਲਗ ਜਾਂਦੀ। ਕੰਪਨੀ ਪੈਨਸ਼ਨ ਅਤੇ ਪ੍ਰਾਈਵੇਟ ਪੈਨਸ਼ਨ ਦੇ ਨਿਯਮ ਵੱਖ ਵੱਖ ਹਨ, ਅਤੇ ਇਹਨਾਂ ਬਾਰੇ ਆਪਣੇ ਸੋਲਿਸਟਰ ਦੇ ਨਾਲ ਮਿਲ ਕੇ ਵਿਚਾਰ ਕਰ ਲੈਣਾ ਸਭ ਤੋਂ ਚੰਗੀ ਗੱਲ ਹੈ ਕਿ ਤੁਹਾਡੀ ਅਤੇ ਤੁਹਾਡੇ ਸਾਥੀ/ਸਾਥਣ ਦੀ ਕਿਸ ਪੱਧਰ ਦੀ ਪੈਨਸ਼ਨ ਹੈ।

### ਵਸੀਅਤ ਲਿਖਣਾ

ਵਸੀਅਤ ਵਿਚ ਇਹ ਲਿਖਣਾ ਚੰਗੀ ਗੱਲ ਹੈ ਕਿ ਤੁਹਾਡੀ ਜਾਇਦਾਦ ਦਾ ਕਿਹੜਾ ਹਿੱਸਾ ਤੁਹਾਡਾ ਅਤੇ ਕਿਹੜਾ ਤੁਹਾਡੇ ਸਾਥੀ/ਸਾਥਣ ਦਾ ਹੈ। ਜੇ ਤੁਸੀਂ ਵਸੀਅਤ ਨਹੀਂ ਲਿਖੋਗੇ ਤਾਂ ਤੁਹਾਡੀ ਮੌਤ ਮਗਰੋਂ ਤੁਹਾਡੀ ਜਾਇਦਾਦ 'ਤੇ ਤੁਹਾਡੇ ਸਾਥੀ/ਸਾਥਣ ਦਾ ਹੱਕ ਆਪਣੇ ਆਪ ਨਹੀਂ ਬਣ ਜਾਂਦਾ। ਇਸ ਲਈ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਮੌਤ ਮਗਰੋਂ ਇਹ ਜਾਇਦਾਦ ਤੁਹਾਡੇ ਸਾਥੀ/ਸਾਥਣ ਜਾਂ ਉਹਦੇ ਬੱਚਿਆਂ ਨੂੰ ਮਿਲੇ ਤਾਂ ਵਸੀਅਤ ਕਰਨਾ ਚੰਗੀ ਗੱਲ ਹੈ।

### ਵਿਆਹਿਆਂ ਵਾਂਗ ਇਕੱਠੇ ਰਹਿਣ ਦਾ ਸਮਝੌਤਾ

ਇਹਨਾਂ ਸਮਝੌਤਿਆਂ ਦੀ ਵਰਤੋਂ ਜੋੜੇ ਦੇ ਪੈਸਿਆਂ ਦੀ ਸੰਭਾਲ ਅਤੇ ਹੋਰ ਕੰਮਾਂ ਲਈ ਹੌਲੀ ਹੌਲੀ ਵਧਦੀ ਜਾ ਰਹੀ ਹੈ। ਅਜਿਹੇ ਸਮਝੌਤੇ ਵਿਚ ਪਹਿਲਾਂ ਲਿਖਿਆ ਜਾਂਦਾ ਹੈ ਕਿ ਇਸ ਸੰਬੰਧ ਵਿਚ ਜੋੜੇ ਵਿਚੋਂ ਹਰ ਵਿਅਕਤੀ ਦੂਸਰੇ ਤੋਂ ਕੀ ਆਸ ਰੱਖਦਾ/ਰੱਖਦੀ ਹੈ - ਸੰਬੰਧ ਕਾਇਮ ਰਹਿਣ ਵੇਲੇ, ਅਤੇ ਜੇ ਉਹ ਵੱਖ ਹੋ ਜਾਣ ਜਾਂ ਕਿਸੇ ਦੀ ਮੌਤ ਹੋ ਜਾਏ, ਉਸ ਵੇਲੇ ਵੀ। ਇਹ 'ਇੱਜ਼ਤਦਾਰ ਸਮਝੌਤੇ' ਹੁੰਦੇ ਹਨ ਜਿਹਦਾ ਮਤਲਬ ਹੈ ਕਿ ਇਹਨਾਂ ਦੀ ਹਰ ਸ਼ਰਤ ਅਦਾਲਤ ਰਾਹੀਂ ਲਾਗੂ ਨਹੀਂ ਕਰਵਾਈ ਜਾ ਸਕਦੀ। ਪਰ ਇਹਨਾਂ ਨਾਲ ਅਸਹਮਤੀ ਰੋਕਣ ਵਿਚ ਮਦਦ ਅਤੇ ਮਨ ਨੂੰ ਸ਼ਾਂਤੀ ਮਿਲਦੀ ਹੈ।

ਇਸ ਸਮਝੌਤੇ 'ਤੇ ਦਸਤਖ਼ਤ ਕਰਨ ਲਈ ਤੁਹਾਨੂੰ ਅਤੇ ਤੁਹਾਡੇ ਸਾਥੀ/ਸਾਥਣ ਨੂੰ ਵੱਖਰਿਆਂ ਕਾਨੂੰਨੀ ਸਲਾਹ ਲੈਣੀ ਪੈਂਦੀ ਹੈ।

### ਅਸਹਮਤੀ

ਦੁੱਖ ਦੀ ਗੱਲ ਇਹ ਹੈ ਕਿ ਬਹੁਤ ਸਾਰੇ ਜੋੜੇ ਤਦ ਤਕ ਕਾਨੂੰਨੀ ਸਲਾਹ ਨਹੀਂ ਲੈਂਦੇ ਜਦ ਤਕ ਸੰਬੰਧ ਟੁੱਟ ਨਹੀਂ ਜਾਂਦਾ, ਕਿਸੇ ਸਾਥੀ ਦੀ ਮੌਤ ਨਹੀਂ ਹੋ ਜਾਂਦੀ, ਜਾਂ ਹੋਰ ਕੋਈ ਮੁਸੀਬਤ ਨਹੀਂ ਆ ਪੈਂਦੀ। ਇਸ ਵੇਲੇ ਮਸਲੇ ਨੂੰ ਹੱਲ ਕਰਨਾ ਸੌਖਾ ਨਹੀਂ, ਅਤੇ ਕੰਮ ਬਹੁਤ ਘੱਟ ਹਾਲਤਾਂ ਵਿਚ ਮੁਮਕਿਨ ਹੁੰਦਾ ਹੈ। ਤੁਹਾਡੇ ਸੋਲਿਸਟਰ ਕੋਲ ਇੰਨੀ ਜਾਣਕਾਰੀ ਅਤੇ ਤਜਰਬਾ ਹੁੰਦਾ ਹੈ ਕਿ ਉਹ ਤੁਹਾਡੇ ਹਿਤਾਂ ਦੀ ਰਾਖੀ ਕਰ ਸਕੇ, ਭਾਵੇਂ ਆਪਣੇ ਹੱਕਾਂ ਬਾਰੇ ਪਤਾ ਕਰਨ ਦਾ ਸੌਖਾ ਜਿਹਾ ਕੰਮ ਹੋਵੇ, ਜਾਂ ਬੱਚਿਆਂ ਬਾਰੇ ਗੁੰਝਲਦਾਰ ਕੰਮ ਹੋਣ, ਕਾਨੂੰਨ ਦੇ ਅੰਦਰ ਰਹਿ ਕੇ ਮਸਲੇ ਨੂੰ ਹੱਲ ਕਰਨ ਦਾ ਸਭ ਤੋਂ ਚੰਗਾ ਢੰਗ ਤੁਹਾਡਾ ਸੋਲਿਸਟਰ ਲੱਭ ਲਏਗਾ।

## ਖ਼ਰਚ

ਵੱਖ ਵੱਖ ਸੋਲਿਸਟਰਾਂ ਦੀ ਫ਼ੀਸ ਵੱਖ ਵੱਖ ਹੋ ਸਕਦੀ ਹੈ, ਜੋ ਇਹਨਾਂ ਗੱਲਾਂ 'ਤੇ ਨਿਰਭਰ ਹੋਏਗੀ:

- ਸੋਲਿਸਟਰ ਦਾ ਤਜਰਬਾ ਅਤੇ ਜਾਣਕਾਰੀ;
- ਕਿਸ ਕਿਸਮ ਦੀ ਸੇਵਾ ਦਿੱਤੀ ਜਾਣੀ ਹੈ; ਅਤੇ
- ਕੀ ਕੋਈ ਸਮਝੌਤਾ ਤਿਆਰ ਕਰਨਾ ਹੈ

ਸੋਲਿਸਟਰ ਦੀ ਚੋਣ ਕਰਨ ਤੋਂ ਪਹਿਲਾਂ, ਕੁਝ ਸਥਾਨਕ ਫ਼ਰਮਾਂ ਤੋਂ ਪਤਾ ਕਰ ਲੈਣਾ ਚੰਗੀ ਗੱਲ ਹੈ ਕਿ ਉਹ ਕਿੰਨੇ ਪੈਸੇ ਲੈਂਦੇ ਹਨ। ਪਰ ਸਿਰਫ਼ ਫ਼ੀਸ ਵਲ ਹੀ ਧਿਆਨ ਨਹੀਂ ਦੇਣਾ ਚਾਹੀਦਾ। ਅਜਿਹਾ ਸੋਲਿਸਟਰ ਲੱਭਣਾ ਵੀ ਉਂਨਾ ਹੀ ਜ਼ਰੂਰੀ ਹੈ ਜਿਹਦੇ ਤਕ ਪਹੁੰਚ ਕੀਤੀ ਜਾ ਸਕੇ ਅਤੇ ਜਿਹਦੀ ਸਲਾਹ ਤੁਹਾਨੂੰ ਸਮਝ ਆ ਜਾਏ।

ਜੇ ਤੁਹਾਡੀ ਆਮਦਨ ਘੱਟ ਹੈ ਜਾਂ ਤੁਹਾਨੂੰ ਕੋਈ ਸਰਕਾਰੀ ਬੈਨੀਫ਼ਿਟ ਮਿਲਦਾ ਹੈ, ਤਾਂ ਹੋ ਸਕਦਾ ਹੈ ਕਿ ਸੋਲਿਸਟਰ ਦੀ ਫ਼ੀਸ ਦੇਣ ਲਈ ਤੁਹਾਨੂੰ ਕੁਝ ਮਾਲੀ ਮਦਦ ਵੀ ਮਿਲ ਜਾਏ। ਤੁਹਾਡਾ ਸੋਲਿਸਟ ਤੁਹਾਨੂੰ ਦੱਸ ਸਕਦਾ ਹੈ ਕਿ ਕੀ ਤੁਸੀਂ ਇਸ ਮਦਦ ਦੇ ਹੱਕਦਾਰ ਹੋ ਸਕਦੇ ਹੋ।

## ਵਧੇਰੇ ਜਾਣਕਾਰੀ

ਇਹ ਪਰਚਾ ਸੋਲਿਸਟਰਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਆਮ ਕਾਨੂੰਨੀ ਸੇਵਾਵਾਂ ਬਾਰੇ ਪਰਚਿਆਂ ਦੀ ਲੜੀ ਵਿਚੋਂ ਇਕ ਪਰਚਾ ਹੈ। ਇਸ ਲੜੀ ਦੇ ਹੋਰ ਪਰਚਿਆਂ ਦੀ ਲਿਸਟ ਹੇਠਾਂ ਦਿੱਤੀ ਗਈ ਹੈ। ਇਹ ਪਰਚੇ ਤੁਸੀਂ ਆਪਣੇ ਸੋਲਿਸਟਰ ਤੋਂ ਲੈ ਸਕਦੇ ਹੋ ਜਾਂ ਲਾਅ ਸੁਸਾਇਟੀ ਨੂੰ ਫ਼ੋਨ ਨੰਬਰ 0870 3333 084 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।

- ਘਰ ਖ਼ਰੀਦਣ ਬਾਰੇ ਤੁਹਾਡੇ ਲਈ ਜਾਣਕਾਰੀ
- ਵਸੀਅਤ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ
- ਤਲਾਕ ਲੈਣ ਬਾਰੇ ਤੁਹਾਡੇ ਲਈ ਜਾਣਕਾਰੀ
- ਕੰਮ 'ਤੇ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਤੁਹਾਡੇ ਲਈ ਜਾਣਕਾਰੀ
- ਕਾਰੋਬਾਰ ਸ਼ੁਰੂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ
- ਨਿਜੀ ਸੱਟ ਚੋਟ ਦਾ ਮੁਆਵਜ਼ਾ ਮੰਗਣ ਬਾਰੇ ਤੁਹਾਡੇ ਲਈ ਜਾਣਕਾਰੀ
- ਬਜ਼ੁਰਗ ਲੋਕਾਂ ਦੇ ਮਾਲੀ ਮਸਲਿਆਂ ਬਾਰੇ ਤੁਹਾਡੇ ਲਈ ਜਾਣਕਾਰੀ
- ਆਪਣਾ ਮਕਾਨ ਕਿਰਾਏ 'ਤੇ ਦੇਣ ਬਾਰੇ ਤੁਹਾਡੇ ਲਈ ਜਾਣਕਾਰੀ
- ਘਰ ਕਿਰਾਏ 'ਤੇ ਲੈਣ ਬਾਰੇ ਤੁਹਾਡੇ ਲਈ ਜਾਣਕਾਰੀ
- ਸੋਲਿਸਟਰ ਦੀ ਵਰਤੋਂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ
- ਪ੍ਰੋਬੇਟ (ਵਸੀਅਤ ਦੀ ਸਰਕਾਰੀ ਤਸਦੀਕ) ਬਾਰੇ ਤੁਹਾਡੇ ਲਈ ਜਾਣਕਾਰੀ
- ਅਸਾਈਲਮ (ਪਨਾਹ) ਲਈ ਅਰਜ਼ੀ ਦੇਣ ਬਾਰੇ ਤੁਹਾਡੇ ਲਈ ਜਾਣਕਾਰੀ

**ਇਹ ਪਰਚਾ ਤੁਸੀਂ ਵੱਡੇ ਅੱਖਰਾਂ ਜਾਂ ਬ੍ਰੇਲ ਵਿਚ, ਸੁਣਨ ਵਾਲੀ ਟੇਪ 'ਤੇ ਅਤੇ ਸੀ ਡੀ 'ਤੇ ਵੀ ਮੰਗਵਾ ਸਕਦੇ ਹੋ। ਜੇ ਇਹ ਪਰਚਾ ਤੁਹਾਨੂੰ ਇਹਨਾਂ ਵਿਚੋਂ ਕਿਸੇ ਵੀ ਰੂਪ ਵਿਚ ਚਾਹੀਦਾ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਇਸ ਈਮੇਲ ਪਤੇ 'ਤੇ ਸੰਪਰਕ ਕਰੋ accessibility@lawsociety.org.uk ਜਾਂ ਸਾਨੂੰ ਨੰਬਰ 0870 606 2555 'ਤੇ ਫ਼ੋਨ ਕਰੋ।**

**ਇਹ ਪਰਚਾ ਤੁਸੀਂ ਵੱਖ ਵੱਖ ਭਾਸ਼ਾਵਾਂ ਵਿਚ ਵੀ ਪੜ੍ਹ ਸਕਦੇ ਹੋ। ਇਹਦੇ ਲਈ ਤੁਸੀਂ ਸਾਡੀ ਇਸ ਵੈੱਬਸਾਈਟ 'ਤੇ ਜਾਓ - www.lawsociety.org.uk.**

Look for Lexcel - the mark of excellence

The Law Society 113 Chancery Lane London WC2A 1PL ਫ਼ੋਨ - 020 7242 1222 www.lawsociety.org.uk

ਭਾਵੇਂ ਅਸੀਂ ਸਹੀ ਜਾਣਕਾਰੀ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਹੈ, ਪਰ ਕਾਨੂੰਨ ਸਦਾ ਬਦਲਦਾ ਰਹਿੰਦਾ ਹੈ, ਅਤੇ ਇਹਦਾ ਅਸਰ ਹਰ ਵਿਅਕਤੀ 'ਤੇ ਵੱਖ ਵੱਖ ਤਰ੍ਹਾਂ ਪੈਂਦਾ ਹੈ। ਇਹ ਪਰਚਾ ਤੁਹਾਡੇ ਬਾਰੇ ਖ਼ਾਸ ਨਿਜੀ ਸਲਾਹ ਦੀ ਥਾਂ ਨਹੀਂ ਲੈ ਸਕਦਾ, ਅਤੇ ਜੇ ਤੁਸੀਂ ਇਸ ਪਰਚੇ 'ਤੇ ਹੀ ਨਿਰਭਰ ਰਹੋ, ਤਾਂ ਅਸੀਂ ਤੁਹਾਡੇ ਲਈ ਜ਼ਿੰਮੇਦਾਰ ਨਹੀਂ ਹੋਵਾਂਗੇ।

Designed by dmlmarketing.co.uk Version 2, 2007 Your guide to setting up a home with your partner - Punjabi